# RAWATSAR P.G. COLLEGE
*'Sanskriti Ka Badlta Swaroop Aur AI Ki Bhumika' (SBSAIB-2025)*
DATE: 25 January 2025
International Advance Journal of Engineering, Science and Management (IAJESM)
Multidisciplinary, Multilingual, Indexed, Double-Blind, Open Access, Peer-Reviewed,
Refereed-International Journal, Impact factor (SJIF) = 8.152


# ਸਿੱਖਿਆ ਅਤੇ ਸੰਸਕ੍ਰਿਤੀ ਉੱਤੇ AI ਦਾ ਪ੍ਰਭਾਵ

ਬਲਜੀਤ ਸਿੰਘ ਗੁਰ, ਅਸਿਸਟੈਂਟ ਪ੍ਰੋਫ਼ੈਸਰ, ਗੈ.ਫੈ. ਰਾਜ.ਸੈਸ., ਸਰਕਾਰੀ ਕੰਨਿਆ ਕਾਲਜ ਅਨੂਪਗੜ੍ਹ

ਅਜੋਕੇ ਸਮੇਂ ਵਿੱਚ ਸਿੱਖਿਆ ਅਤੇ ਸੰਸਕ੍ਰਿਤੀ ਬੜੀ ਤੇਜੀ ਨਾਲ ਬਦਲਾ ਰਹੀ ਹੈ।ਇਹ ਸਿੱਖਿਆ ਵਿਧੀਆਂ ਸਿੱਖਣ ਦੇ ਅਨੁਭਵ ਅਤੇ ਸੰਸਕ੍ਰਿਤੀ ਦੇ ਸਰੰਕਸ਼ਣ ਨੂੰ ਪ੍ਰਭਾਵਿਤ ਕਰ ਰਹੀ । ਇਹ ਲੇਖ AI ਦੇ ਵਿਅਕਤੀਗਤ ਅਧਿਗਮ ਸਿੱਖਿਆ ਸਵੈ-ਅਧਿਐਨ ਅਤੇ ਨੈਤਿਕ ਚਿੰਤਨਾ ਉੱਤੇ ਪ੍ਰਭਾਵ ਦਾ ਵਿਸ਼ਲੇਸ਼ਣ ਕਰਦਾ ਹੈ। ਨਾਲ ਹੀ ਇਹ ਸੰਸਕ੍ਰਿਤੀ ਪਰਿਵਰਤਨ, ਡੀਜੀਟਲੀਕਰਨ ਅਤੇ ਹਸਤ ਕਲਾ ਉੱਤੇ ਇਸ ਦੇ ਪ੍ਰਭਾਵ ਦਾ ਵਰਨਣ ਕਰਦਾ ਹੈ। ਹਾਲਾਂਕਿ AI ਦਾ ਸਿੱਖਿਆ ਅਤੇ ਸੰਸਕ੍ਰਿਤੀ ਵਿੱਚ ਆਉਣਾ ਜਿਆਦਾ ਸੁਗਮ ਅਤੇ ਨਿਪੁੰਨਤਾ ਪ੍ਰਧਾਨ ਹੈ ਫਿਰ ਵੀ ਡੀਜੀਟਲ ਵਿਖਰੇਵੇਂ ਨਿਜ ਦੀ ਚਿੰਤਾ ਅਤੇ ਸੰਸਕ੍ਰਿਤੀ ਪੱਖਵਾਦ ਵਰਗੀਆਂ ਚਨੌਤੀਆਂ ਇਸਦੇ ਸੰਤੁਲਿਤ ਉਪਯੋਗ ਲਈ ਵਿਚਾਰਯੋਗ ਹੈ

**AI ਕੀ ਹੈ :-**

ਇਸ ਵਿੱਚ ਮਸ਼ੀਨਾਂ ਨੂੰ ਸਿੱਖਣ ਸਮਝਣ ਸਵੀਕਾਰ ਕਰਨ ਅਤੇ ਅਨੁਮਾਨ ਲਗਾਉਣ ਦੀ ਕਾਬਲੀਅਤ ਸ਼ਾਮਿਲ ਹੁੰਦੀ ਹੈ। AI ਕੋਈ ਨਵੀਂ ਚੀਜ਼ ਨਹੀਂ ਹੈ ਇਹ ਹੈ ਕਾਫੀ ਪਹਿਲਾਂ ਤੋਂ ਚੱਲੀ ਆ ਰਹੀ ਹੈ।AI ਦੀ ਸ਼ੁਰੂਆਤ ਹੁੰਦੀ ਆ 1943 ਤੋਂ ਜਦੋਂ ਵਾਲਟੇਰ ਪਿਟਸ ਅਤੇ ਵਾਰਨ ਸਲੋਲਕ ਨੇ ਪਹਿਲੀ ਵਾਰ AI ਆਰਟੀਫੀਸ਼ੀਅਲ ਨਿਊਰੋ ਸ਼ਬਦ ਦੀ ਵਰਤੋਂ ਕੀਤੀ।

ਇਹ ਦੋਨੋਂ ਵਿਅਕਤੀ ਕੰਪਿਊਟਰ ਮਕੈਨਿਕ ਸੀ ਪਰ 1955 ਵਿੱਚ ਆਰਟੀਫਿਸ਼ੀਅਲ ਇੰਟੈਲੀਜੰਸ ਸ਼ਬਦ ਜੋਨ ਮਕਾਰਥੀ ਨੇ ਦੱਸਿਆ ਸੀ। ਉਹਨਾਂ ਨੇ ਇਸ ਟੈਕਨੋਲੋਜੀ ਬਾਰੇ ਇੱਕ ਕਾਨਫਰੰਸ ਵਿੱਚ ਦੱਸਿਆ ਜਿਸ ਕਰਕੇ ਜੋਨ ਨੂੰ ਹੀ AI ਦਾ ਪਿਤਾਮਾ ਕਿਹਾ ਜਾਂਦਾ ਹੈ। ਪਰ ਅਜੋਕੇ ਸਮੇਂ ਵਿੱਚ AI ਇੱਕ ਅਜਿਹਾ ਟੋਪਿਕ ਬਣ ਗਿਆ ਹੈ ਜਿਸ ਵਿੱਚ ਦੋ ਪਾਸੇ ਲੋਕ ਵੰਡੇ ਹੋਏ ਹਨ ਇੱਕ ਜੋ ਇਸ ਦੇ ਹੱਕ ਵਿੱਚ ਨੇ ਤੇ ਦੂਜੇ ਉਹ ਜੋ ਇਸ ਦੇ ਖਿਲਾਫ ਨੇ।

**ਸਿੱਖਿਆ ਅਤੇ ਸੰਸਕ੍ਰਿਤੀ ਉੱਤੇ AI ਦਾ ਅਸਰ:-**

AI ਹੌਲੀ ਹੌਲੀ ਆਪਣੇ ਪਕੜ ਮਜਬੂਤ ਕਰਦਾ ਹੋਇਆ ਅੱਜ ਕੱਲ ਸਾਡੀ ਜ਼ਿੰਦਗੀ ਵਿੱਚ ਆਪਣੀ ਅਲੱਗ ਥਾਂ ਬਣਾ ਚੁੱਕਾ ਹੈ। ਜਿਸ ਤਰ੍ਹਾਂ ਦੀ ਸਿੱਖਿਆ ਅਸੀਂ ਹਾਸਿਲ ਕਰਨਾ ਚਾਹੁੰਦੇ ਹਾਂ ਸਾਨੂੰ ਗੂਗਲ ਜਾਂ ਯੂਟੀਊਬ ਰਾਹੀਂ ਮਿਲ ਰਹੀ ਹੈ। ਜਿਸ ਤਰ੍ਹਾਂ ਅਸੀਂ ਕਹਿ ਰਹੇ ਹਾਂ ਕੀ AI ਆਵੇਗਾ ਅਸਲ ਵਿੱਚ ਇਹ ਕਦੋਂ ਦਾ ਆਇਆ ਹੋਇਆ ਹੈ। ਸਾਨੂੰ ਪਤਾ ਹੀ ਨਹੀਂ ਲੱਗਿਆ। ਸੰਸਕ੍ਰਿਤੀ ਵਿੱਚ ਵੀ ਆਰਟੀਫਿਸ਼ੀਅਲ ਦੀ ਹੋੜ ਲੱਗ ਚੁੱਕੀ ਹੈ। ਲੋਕੀ ਪਹਿਰਾਵੇ ਅਤੇ ਗੀਤਾਂ ਵਿੱਚ ਵੀ AI ਦੀ ਵਰਤੋਂ ਹੀ ਕਰਨ ਲੱਗ ਪਏ ਹਨ। ਮੋਬਾਇਲ ਵਿੱਚ ਜਦੋਂ ਵੀ ਅਸੀਂ ਟਾਈਪਿੰਗ ਵਿੱਚ ਦੋ ਅੱਖਰ ਵੀ ਲਿਖਦੇ ਹਾਂ ਤਾਂ ਪੂਰਾ ਸ਼ਬਦ ਲਿਖਿਆ ਹੋਇਆ ਆ ਜਾਂਦਾ ਹੈ। ਨਾਲ ਹੀ ਉਸ ਦੇ ਮਿਲਦੇ ਜੁਲਦੇ ਸ਼ਬਦ ਵੀ। ਸੋ ਇਹ ਅਰਲੀ ਸਟੇਜ ਤੇ AI ਹੀ।

**AI ਕਿੰਨੀ ਖਤਰਨਾਕ ਹੈ:-**

ਅਜੋਕੇ ਸਮੇਂ ਵਿੱਚ ਸਿੱਖਿਆ ਅਤੇ ਸੰਸਕ੍ਰਿਤੀ ਵਿੱਚ AI ਦੀ ਭੂਮਿਕਾ ਭਾਵੇਂ ਬਹੁਤ ਜਿਆਦਾ ਹੈ ਪਰ ਕਿਤੇ ਨਾ ਕਿਤੇ ਇਹ ਸਾਡੇ ਮਨੁੱਖੀ ਜੀਵਨ ਲਈ ਖਤਰਨਾਕ ਵੀ ਹੈ। ਇਸ ਗੱਲ ਨੂੰ ਸਿੱਧ ਕਰਦਿਆਂ ਹੋਇਆਂ ਅਲੋਨ ਮਾਸਕ ਨੇ ਵੀ ਕਹਿ ਦਿੱਤਾ ਹੈ ਕਿ AI ਮਨੁੱਖੀ ਜੀਵਨ ਵਿੱਚ ਆਈਟਮ ਬੰਬ ਤੋਂ ਵੀ ਜਿਆਦਾ ਖਤਰਨਾਕ ਹੈ। ਕਮਾਲ ਦੀ ਗੱਲ ਹੈ ਕੀ ਜਿਹੜੇ ਬੰਦੇ AI ਤੇ ਹੀ ਸਾਰੀਆਂ ਚੀਜ਼ਾਂ ਬਣਾ ਰਹੇ ਨੇ ਉਹੀ ਇਹ ਗੱਲਾਂ ਕਰ ਰਹੇ ਨੇ। ਸੋ ਜਿਵੇਂ ਜਿਵੇਂ ਰੋਬਟ ਵਧਣਗੇ ਉਹਨਾਂ ਦਾ ਸਾਨੂੰ ਨੁਕਸਾਨ ਵੀ ਦੇਖਣਾ ਪਵੇਗਾ।

**ਸਿੱਖਿਆ ਵਿੱਚ AI ਦਾ ਮਹੱਤਵ :--**

ਤਕਨੀਕੀ ਸਿੱਖਿਆ ਵਿੱਚ ਅਧਿਆਪਕਾਂ ਵੱਲੋਂ ਵਰਤੋਂ ਕਰਨ ਦੇ ਲਈ AI ਦੇ ਅਨੇਕਾਂ ਮੌਕੇ ਹਨ ਜਿਵੇਂ:-

੧ ਪਾਠ ਯੋਜਨਾਵਾਂ ਅਤੇ ਹੋਰ ਗਤੀਵਿਧੀਆਂ ਦੇ ਲਈ ਵਿਚਾਰ ਤਿਆਰ ਕਰਨਾ।
੨ ਵਿਭਿੰਨ ਜਰੂਰਤਾਂ ਵਾਲੇ ਵਿਦਿਆਰਥੀਆਂ ਲਈ ਅਨੁਕੂਲਿਤ ਸ਼ਿਕਸ਼ਣ ਜਾਣਕਾਰੀ ਤਿਆਰ ਕਰਨਾ
੩ ਦੋਹਰਾਏ ਜਾਣ ਵਾਲੇ ਪ੍ਰਸ਼ਾਸਨਿਕ ਕੰਮਾਂ ਨੂੰ ਸਵੈਚਾਲਿਤ ਕਰਨਾ ।
੪ ਮਾਰਕਿੰਗ ਸਹਿਤ ਕੰਮ ਭਾਰ ਘੱਟ ਕਰਨਾ

AI ਵਿੱਚ ਸਿਖਿਆਰਥੀਆਂ ਦੇ ਲਈ ਅਨੇਕਾਂ ਮੌਕੇ ਵੀ ਹਨ ਜਿਵੇਂ:-

੧ ਵਿਚਾਰਾਂ ਨੂੰ ਤਿਆਰ ਕਰਨਾ, ਜਿਵੇਂ ਨਿਬੰਧ ਸੰਰਚਨਾ ਬਣਾਉਣਾ
੨ ਭਾਸ਼ਾ ਸਬੰਧੀ ਆਉਣ ਵਾਲੀਆਂ ਔਂਕੜਾਂ ਵਿੱਚ ਮਦਦ ਕਰਨਾ।
੩ ਫੀਡਬੈਕ ਸਹਿਤ ਸੁਗਮ ਅਤੇ ਕਿਫਾਇਤੀ ਸ਼ਿਕਸ਼ਣ ਸਹਾਇਤਾ ਮੁਹਈਆ ਕਰਵਾਉਣਾ।

ਹਾਲਾਂਕਿ ਅਧਿਆਪਕ ਅਤੇ ਸਿਖਿਆਰਥੀਆਂ ਕੋਲ ਆਪਣੇ ਕੰਮ ਵਿੱਚ AI ਦੀ ਵਰਤੋਂ ਕਰਨ ਲਈ ਜਰੂਰੀ ਕੌਸ਼ਲ ਸਮਰਥਨ ਅਤੇ ਪ੍ਰੋਧਓਗਿਕੀ ਦੀ ਕਮੀ ਹੋ ਸਕਦੀ ਹੈ।

RAWATSAR P.G. COLLEGE
*'Sanskriti Ka Badlta Swaroop Aur AI Ki Bhumika' (SBSAIB-2025)*
DATE: 25 January 2025
International Advance Journal of Engineering, Science and Management (IAJESM)
Multidisciplinary, Multilingual, Indexed, Double-Blind, Open Access, Peer-Reviewed, Refereed-International Journal, Impact factor (SJIF) = 8.152

ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਬਾਰੇ ਵੱਡੀ ਗਿਣਤੀ ਵਿੱਚ ਸੰਵੇਦਨਸ਼ੀਲ ਡਾਟਾ ਇਕੱਠਾ ਕਰ ਸਕਦੇ ਜਿਵੇਂ ਕਿ ਸੈਕਸ਼ਨ ਰਿਕਾਰਡ ਅਤੇ AI ਸਿਸਟਮ ਨੂੰ ਕੰਮਾਂ ਵਿੱਚ ਮਦਦ ਲਈ ਇਹ ਜਾਣਕਾਰੀ ਤੱਕ ਪਹੁੰਚ ਦੀ ਜਰੂਰਤ ਹੋ ਸਕਦੀ ਹੈ। ਇਸ ਨਾਲ ਡਾਟਾ ਨਿਯਮਾਂ ਦੇ ਉਲੰਘਣ ਦਾ ਜੋਖਮ ਹੁੰਦਾ ਹੈ। ਜਿਸ ਕਰਕੇ ਵਿਅਕਤੀਗਤ ਜਾਣਕਾਰੀ ਸਾਂਝੀ ਹੋ ਸਕਦੀ ਹੈ ਜਾਂ ਨਿਗਰਾਨੀ ਸਹਿਤ ਡਾਟਾ ਦੀ ਗਲਤ ਵਰਤੋਂ ਹੋ ਸਕਦੀ ਹੈ।

AI ਸਾਧਨਾ ਦੀ ਵਰਤੋ ਕਰਨ ਦੇ ਲਈ ਜਰੂਰੀ ਬੁਨਿਆਦੀ ਢਾਂਚੇ ਤੱਕ ਵੱਖ ਵੱਖ ਪਹੁੰਚ ਜਿਵੇਂ ਕਿ ਇੰਟਰਨੈਟ ਜਾਂ ਕੰਪਿਊਟਰ ਜਿਹਨੂੰ ਡਿਜੀਟਲ ਵਿਭਾਜਨ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ ਦੇ ਨਤੀਜੇ ਵਜੋਂ ਸਿੱਖਿਆ ਵਿੱਚ AI ਦੇ ਫਾਇਦੇ ਤੱਕ ਅਲੱਗ ਅਲੱਗ ਪਹੁੰਚ ਹੋ ਸਕਦੀ ਹੈ।

**ਬੱਚਿਆਂ ਅਤੇ ਨੌਜਵਾਨਾਂ ਉੱਤੇ AI ਦਾ ਅਸਰ:-**

AI ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ ਇਸ ਦੇ ਆਧਾਰ ਤੇ ਕੁਝ ਸਿੱਖਿਆ ਦੀਵਾਨਾਂ ਨੇ ਬੱਚਿਆਂ ਅਤੇ ਨੌਜਵਾਨਾਂ ਵੱਲੋਂ AI ਦੇ ਮੌਕੇ ਦੀ ਵਰਤੋਂ ਕਰਨ ਦੇ ਬਾਰੇ ਚਿੰਤਾ ਪ੍ਰਗਟ ਕੀਤੀ ਹੈ ਜਿਵੇਂ:-

੧ ਨੌਜਵਾਨਾਂ ਦਾ ਅਧਿਆਪਕਾਂ ਅਤੇ ਸਹਿਪਾਠੀਆਂ ਦੇ ਨਾਲ ਘੱਟ ਮਿਲ ਵਰਤੋ ਹੋਣਾ

੨ AI ਨੌਜਵਾਨਾਂ ਨੂੰ ਨਾਜਾਇਜ਼ ਅਤੇ ਹਾਨੀਕਾਰਕ ਸਮਗਰੀ ਦੇ ਸੰਪਰਕ ਵਿੱਚ ਲਿਆ ਰਿਹਾ ਹੈ

ਕੁਛ ਸਿੱਖਿਆ ਵਿਦਵਾਨ ਸਿੱਖਿਆ ਵਿੱਚ ਜਨਰੇਟਿਵ AI ਦੀ ਵਰਤੋਂ ਕਰਨ ਦੇ ਸਮਾਜਿਕ ਤਰੀਕੇ ਉੱਤੇ ਖੋਜ ਕਰ ਰਹੇ ਹਨ ਜੋ ਸਿਖਿਆਰਥੀਆਂ ਨੂੰ ਲਕਸ਼ਣ ਸਾਂਝਾ ਕਰਨ, ਮਿਲ ਕੇ ਕੰਮ ਕਰਨ ਅਤੇ ਆਪਸੀ ਸਮਝ ਤੱਕ ਪਹੁੰਚਣ ਦੇ ਲਈ ਗੱਲਬਾਤ ਕਰਨ ਵਿੱਚ ਮਦਦ ਕਰ ਸਕਦਾ ਹੈ

**AI (ਆਰਟੀਫਿਸ਼ੀਅਲ ਇੰਟੈਲੀਜੈਂਸ ) ਦੇ ਦੌਰ ਵਿੱਚ ਪੰਜਾਬੀ ਭਾਸ਼ਾ ਦੀਆਂ ਸੰਭਾਵਨਾਵਾਂ:-**

AI ਪੰਜਾਬੀ ਭਾਸ਼ਾ ਦੇ ਵਿਸਥਾਰ ਵਿੱਚ ਬਹੁਪੱਖੀ ਸੰਭਾਵਨਾਵਾਂ ਅਤੇ ਲਾਭਾਂ ਦੀ ਪੇਸ਼ਕਾਰੀ ਕਰਦੀ ਹੈ। ਇਹ ਨੈਤਿਕ ਅਤੇ ਸਮਾਜਿਕ ਵਿਚਾਰਾਂ ਨੂੰ ਵੀ ਵਧਾਉਂਦੀ ਹੈ। ਇਸ ਟੈਕਨੋਲੋਜੀ ਦੀ ਜਰੂਰੀ ਵਰਤੋਂ ਅਤੇ ਵਿਕਾਸ ਨੂੰ ਯਕੀਨੀ ਬਣਾਉਣਾ, ਗੋਪਨੀਯਤਾ ਅਤੇ ਸੁਰੱਖਿਆ ਚਿੰਤਾਵਾਂ ਨੂੰ ਸੰਬੋਧਿਤ ਕਰਨ, ਨੌਕਰੀ ਦੇ ਬਾਜ਼ਾਰੀ ਕਰਨ ਦਾ ਕਰਮਚਾਰੀਆਂ ਉੱਤੇ ਪੈਂਦੇ ਪ੍ਰਭਾਵ ਨੂੰ ਵਿਚਾਰਨਾ,AI ਦੇ ਇਰਦ ਗਿਰਦ ਚੱਲਦੀ ਚਰਚਾ ਦੇ ਮਹੱਤਵਪੂਰਨ ਪਹਿਲੂ ਹਨ।

੧ ਪੰਜਾਬੀ ਭਾਸ਼ਾ ਦੀ ਸੰਭਾਲ ਯਕੀਨੀ:--ਅਜੋਕੇ ਸਮੇਂ ਵਿੱਚ ਮਨੁੱਖਤਾ ਦੀ ਵਿਸ਼ਾਲ ਭਾਸ਼ਾਈ ਵਿਭਿੰਨਤਾ ਖਤਰੇ ਵਿੱਚ ਹੈ। ਕਿਉਂਕਿ ਦੁਨੀਆ ਭਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦਾ 42% ਹਿੱਸਾ ਉਸ ਭਾਸ਼ਾ ਨੂੰ ਬੋਲਣ ਵਾਲਿਆਂ ਦੇ ਨਾਲ ਨਾਲ ਖਤਮ ਹੋਣ ਦੇ ਕਗਾਰ ਤੇ ਹਨ। ਅਸਲ ਵਿੱਚ ਔਸਤਨ ਹਰ 15 ਦਿਨਾਂ ਬਾਅਦ ਇੱਕ ਭਾਸ਼ਾ ਅਲੋਪ ਹੋ ਰਹੀ ਹੈ। ਲੋਕਾਂ ਦੇ ਸੱਭਿਆਚਾਰ, ਰੀਤੀ ਰਿਵਾਜਾਂ ਅਤੇ ਪਛਾਣ ਦਾ ਇਹ ਅਨਕਿਆਸਿਆ ਨੁਕਸਾਨ ਵਿਸ਼ਵ ਪੱਧਰੀ ਭਾਸ਼ਾਈ ਭਾਈਚਾਰੇ ਦੇ ਮੈਂਬਰਾਂ ਵਜੋਂ ਸਾਡੇ ਸਾਰਿਆਂ ਦੇ ਉੱਤੇ ਪ੍ਰਭਾਵ ਪਾਉਂਦਾ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਈ ਤਰ੍ਹਾਂ ਦੇ ਪ੍ਰੋਜੈਕਟਾਂ ਵਿੱਚ ਖਤਰੇ ਵਿੱਚ ਪੈ ਰਹੀਆਂ ਪਰਛਾਵਾਂ ਨੂੰ ਸੁਰੱਖਿਅਤ ਰੱਖਣ ਲਈ ਕੀਤੀ ਗਈ ਹੈ ਜੋ ਇਹਨਾਂ ਭਾਸ਼ਾਆਈ ਭਾਈਚਾਰਿਆਂ ਨੂੰ ਜਿੰਦਾ ਰੱਖਣ ਲਈ ਵੱਖ ਵੱਖ ਸਾਧਨਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਨ।

੨ ਪੰਜਾਬੀ ਭਾਸ਼ਾ ਸਿੱਖਨ ਵਿੱਚ ਸੋਖ:--- AI ਪੰਜਾਬੀ ਭਾਸ਼ਾ ਸਿੱਖਣ ਵਿੱਚ ਹਰ ਉਮਰ ਦਰਾਜ ਮਨੁੱਖਾਂ ਦੇ ਸਿੱਖਣ ਦੇ ਤਰੀਕੇ ਨੂੰ ਬਦਲ ਦੇਵੇਗੀ। ਮਸ਼ੀਨੀ ਸਿਖਲਾਈ ਕੁਦਰਤੀ ਭਾਸ਼ਾ ਪ੍ਰੋਸੈਸਿੰਗ ਅਤੇ ਚਿਹਰੇ ਦੀ ਪਛਾਣ ਦੀ AI ਦੀ ਵਰਤੋਂ ਪੰਜਾਬੀ ਪਾਠ ਪੁਸਤਕਾਂ ਨੂੰ ਡਿਜੀਟਲ ਕਰਨ ਸਾਹਿਤਕ ਚੋਰੀ ਦਾ ਪਤਾ ਲਗਾਉਣ ਅਤੇ ਵਿਦਿਆਰਥੀਆਂ ਦੀਆਂ ਭਾਵਨਾਵਾਂ ਦਾ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ ਆਉਣ ਵਾਲੇ ਭਵਿੱਖ ਵਿੱਚ ਵਿਦਿਆਰਥੀਆਂ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਸਿੱਖਣ ਦੇ ਤਜਰਬੇ ਨੂੰ AI ਤਿਆਰ ਕਰਦਾ ਹੈ

**AI ਦੇ ਦੌਰ ਵਿੱਚ ਭਾਸ਼ਾ ਸਿੱਖਿਆ ਲਈ ਚਣੌਤੀਆਂ:--**

ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਭਵਿੱਖ ਡਰਾਉਣਾ ਅਤੇ ਰੋਮਾਂਚਕ ਵੀ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਟੈਕਨੋਲੋਜੀ ਬੇਮੀਸਾਲ ਦਰ ਨਾਲ ਅੱਗੇ ਵੱਧ ਰਹੀ ਹੈ। ਗੂਗਲ ਦੇ ਸਾਬਕਾ ਵਾਈਸ ਪ੍ਰੈਜੀਡੈਂਟ ਜੈਕੀ ਹਿੰਟਨ ਜਿਨਾਂ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਪਿਤਾ ਕਿਹਾ ਜਾਂਦਾ ਹੈ ਹੈ ਉਹਨਾਂ ਦਾ ਕਹਿਣਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸੀ ਸਿਸਟਮ ਨਾ ਸਿਰਫ ਮਨੁੱਖੀ ਦਿਮਾਗ ਜਿੰਨੇ ਸ਼ਕਤੀਸ਼ਾਲੀ ਹਨ ਸਗੋਂ ਕਈ ਤਰੀਕਿਆਂ ਨਾਲ ਇਸ ਤੋਂ ਵੀ ਜਿਆਦਾ ਸ਼ਕਤੀਸ਼ਾਲੀ ਹਨ। ਕੁਝ ਚੁਣੌਤੀਆਂ ਜੋ ਹਾਲ ਹੀ ਵਿੱਚ ਸਾਹਮਣੇ ਆਈਆਂ ਹਨ ਉਹਨਾਂ ਦਾ ਜ਼ਿਕਰ ਹੇਠਾਂ ਕੀਤਾ ਜਾ ਰਿਹਾ ਹੈ

੧ ਸੁਤੰਤਰ ਸਿੱਖਿਆ ਦੇ ਹੁਨਰ ਨੂੰ ਸੀਮਤ ਕਰਦਾ ਹੈ

੨ ਸਮਾਜਿਕ ਨੈਤਿਕਤਾ

International Advance Journal of Engineering, Science and Management (IAJESM)
Multidisciplinary, Multilingual, Indexed, Double-Blind, Open Access, Peer-Reviewed, Refereed-International Journal, Impact factor (SJIF) = 8.152

੩ ਰੋਜ਼ਗਾਰ ਦੀਆਂ ਸੰਭਾਵਨਾਂ ਨੂੰ ਸੀਮਤ ਕਰਦੀ ਹੈ
੪ ਸੱਭਿਆਚਾਰਕ ਪਹਿਲੂਆਂ ਦੀ ਨਜ਼ਰ ਅੰਦਾਜੀ
੫ ਪੰਜਾਬੀ ਭਾਸ਼ਾ ਸਿੱਖਿਆ ਅਤੇ ਸਿਹਤ ਦੇ ਮਿਆਰ ਉੱਤੇ ਅਸਰ

**ਸਿੱਟਾ:-**

AI ਦੇ ਅਯੋਕੇ ਦੌਰ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਸਮੇਂ ਦੇ ਬੀਤਣ ਨਾਲ AI ਆਪਣੇ ਡੋਮੇਨ ਵਿੱਚ ਵੱਧ ਤੋਂ ਵੱਧ ਅੱਗੇ ਵੱਧ ਰਹੀ ਹੈ ਅਤੇ ਹਰ ਰੋਜ਼ ਨਵੇਂ ਰੋਜ਼ਾਨਾ ਦੀ ਪੇਸ਼ਕਾਰੀ ਕਰ ਰਹੀ ਹੈ। AI ਇਕ ਬਹੁਤ ਹੀ ਉਪਯੋਗੀ ਟੂਲ ਬਣ ਗਿਆ ਹੈ ਜੋ ਭਾਸ਼ਾ ਦੇ ਸਾਡੇ ਗਿਆਨ ਨੂੰ ਵਧਾਉਣ ਅਤੇ ਸੁਰਖਿਤ ਕਰਨ ਦੀ ਕੁੰਜੀ ਵੀ ਬਣ ਸਕਦਾ ਹੈ ਜੋ ਕਿ ਮਨੁੱਖ ਦੇ ਰੂਪ ਵਿੱਚ ਸਾਡੇ ਵਿਕਾਸ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਕੁੱਲ ਮਿਲਾ ਕੇ ਭਾਵੇਂ ਦੂਰ ਕਰਨ ਲਈ ਬਹੁਤ ਸਾਰੀਆਂ ਤਕਨੀਕੀ ਰੁਕਾਵਟਾਂ ਹਨ ਅਤੇ ਕੰਮ ਕਰਨ ਦੀਆਂ ਸੰਭਾਵਨਾਵਾਂ ਹਨ ਆ ਕੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਭਾਸ਼ਾ ਸਿੱਖਿਆ ਅਟੋਟ ਹਨ ਅਤੇ ਇੱਕ ਦੂਜੇ ਦੇ ਸੰਗ ਵਿਕਾਸ ਕਰਨਾ ਜਾਰੀ ਰੱਖਦੇ ਹਨ। ਆਰਟੀਫਿਸ਼ੀਅਲ ਇੰਟੈਲੀਜੈਂਸ ਟੈਕਨੋਲੋਜੀਆ ਨੇ ਵਿਅਕਤੀਗਤ ਸਿੱਖਣ ਦੇ ਤਜਰਬੇ ਤਤਕਾਲ ਅਨੁਵਾਦ ਅਤੇ ਅਭਿਆਸ ਦੇ ਮੌਕੇ ਪ੍ਰਧਾਨ ਕਰਕੇ ਪੰਜਾਬੀ ਭਾਸ਼ਾ ਸਿੱਖਿਆ ਦੀ ਪ੍ਰਾਪਤੀ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ।AI ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਮਿਲ ਕੇ ਕੰਮ ਕਰਕੇ ਅਸੀਂ ਇਸ ਦੀ ਪੁਰੀ ਸਮਰੱਥਾ ਨੂੰ ਕੰਗਾਲ ਸਕਦੇ ਹਾਂ ਅਤੇ ਸਾਰੀਆਂ ਲਈ ਬਿਹਤਰ ਭਵਿੱਖ ਬਣਾ ਸਕਦੇ ਹਾਂ।

***ਹਵਾਲੇ :-***

1. *ਡਾਕਟਰ ਹਰਭਜਨ ਸਿੰਘ ਕਾਵਿਸੰਗ੍ਰਹਿ: ਛੇ ਦਰਸ਼ਨ ਪੰਨਾ ਨੰਬਰ ੬੫*
2. *ਡਾਕਟਰ ਪਰਮਿੰਦਰ ਸਿੰਘ ,ਪੰਜਾਬੀ ਸਾਹਿਤ ਦਾ ਇਤਿਹਾਸ ,ਪੰਜਾਬੀ ਯੂਨੀਵਰਸਿਟੀ ,ਪਟਿਆਲਾ 1988 ਪੰਨਾ ਨੰਬਰ ੪੬*
3. *ਗੁਰੂ ਗ੍ਰੰਥ ਸਾਹਿਬ ਜੀ*
4. *ਵਾਰ ਭਾਈ ਗੁਰਦਾਸ ਜੀ*
5. *ਗੁਰਮੁਖ ਸਿੰਘ, ਗੁਰੂ ਅਰਜਨ ਦੇਵ ਜੀ: ਜੀਵਨ ਦਰਸ਼ਨ ਅਤੇ ਬਾਣੀ ਪੰਨਾ ਨੰਬਰ ੫-੬-ਪੰ. ਨੰ. ੮੫*